Date: **Political Condition of the Punjab in late Century: Maharaja Ranjit Singh's rise to Power with special reference to his relations with Misals.**

S M T W T F S

ਅਠਾਰਵੀਂ ਸਦੀ ਦੇ ਅੰਤ ਵਿੱਚ ਪੰਜਾਬ ਦੀ ਰਾਜਨੀਤਿਕ ਦਸ਼ਾ

1790 ਈ. ਦੇ ਦਹਾਕੇ ਵਿੱਚ ਪੰਜਾਬ ਇੱਕ ਗੁੱਦੜੀਦਾਰ ਬੁਣਤਰ ਵਾਂਗ ਪ੍ਰਤੀਤ ਹੁੰਦਾ ਸੀ। ਜਿਸਦੇ ਚੌਦਾਂ ਟੋਟੇ ਸਨ ਤੇ ਸਾਰਿਆਂ ਪਾਸਿਆਂ ਤੋਂ ਪੰਜ ਤੀਰ ਇਸ ਵਿੱਚ ਧੱਸੇ ਹੋਏ ਸਨ। ਇਨ੍ਹਾਂ ਚੌਦਾਂ ਵਿੱਚੋਂ ਬਾਰਾਂ ਟੋਟੇ ਸਿੱਖ ਮਿਸਲਾਂ ਦੇ ਸਨ। ਬਾਕੀ ਦੋ ਇਹ ਸਨ: ਲਾਹੌਰ ਦੇ ਗੁਆਂਢ ਵਿੱਚ ਪਠਾਣਾਂ ਅਧੀਨ 'ਕਸੂਰ' ਦਾ ਇਲਾਕਾ ਤੇ ਦੱਖਣ ਪੂਰਬ ਵਿੱਚ ਜਾਰਜ ਥਾਮਸ ਨਾਂ ਦੇ ਦਲੇਰ ਅੰਗਰੇਜ਼ ਅਧੀਨ 'ਹਾਂਸੀ' ਦਾ ਇਲਾਕਾ। ਪੰਜ ਤੀਰ ਇਹ ਸਨ: ਉੱਤਰ ਪੱਛਮ ਵਿੱਚ ਅਫਗਾਨ, ਉੱਤਰ ਵਿੱਚ 'ਕਾਂਗੜੇ' ਦੇ ਰਾਜਪੂਤ, ਉੱਤਰ ਪੂਰਬ ਵਿੱਚ ਗੋਰਖੇ, ਪੂਰਬ ਵਿੱਚ ਅੰਗਰੇਜ਼ ਤੇ ਦੱਖਣ ਵਿੱਚ ਮਰਾਠੇ।

ਡਾਕਟਰ ਜੀ. ਐਸ. ਛਾਬੜਾ ਦੇ ਅਨੁਸਾਰ, "ਰਣਜੀਤ ਸਿੰਘ ਦੀ ਸ਼ਕਤੀ ਦੇ ਉਭਾਰ ਦਾ ਸਮਾਂ ਪੰਜਾਬ ਦੇ ਇਤਿਹਾਸ ਦਾ ਸ਼ਾਇਦ ਸਭ ਤੋਂ ਅੰਧਕਾਰਮਈ ਸਮਾਂ ਸੀ।"

ਐਚ. ਟੀ. ਪ੍ਰਿੰਸੇਪ ਨੇ ਲਿਖਿਆ ਹੈ, "ਪੰਜਾਬ ਵਿੱਚ ਜੋ ਸੁੰਦਰਤਾ ਸੀ, ਰਣਜੀਤ ਸਿੰਘ ਦੇ ਜਨਮ ਤੋਂ ਪਹਿਲਾਂ ਖਤਮ ਹੋ ਚੁੱਕੀ ਸੀ। ਇਹ ਅਸਲੀਅਤ ਹੈ ਕਿ ਉਸਦੇ ਸ਼ਕਤੀ ਸੰਭਾਲਣ ਸਮੇਂ ਅਸ਼ਾਂਤੀ ਅਤੇ ਗੜਬੜੀ ਦਾ ਰਾਜ ਸੀ। ਰਣਜੀਤ ਸਿੰਘ ਦੇ ਸ਼ਕਤੀ ਦਾ ਸਮਾਂ ਸ਼ਾਇਦ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਹਨੇਰਾ ਸਮਾਂ ਸੀ।

sbp Where Life Changes

Scanned with CamScanner

Date: "All that was beautiful in Punjab had died before Ranjit Singh was born. And it is fact that when he acceeded to power, chaos and confusion ruled supreme. The time of Ranjit Singh's accession to power is perhaps one of the darkest periods in the history of Punjab." — H.T. Prinsep.

ਜੇਕਰ ਅਠਾਰਵੀਂ ਸਦੀ ਦੇ ਅੰਤ ਵਿੱਚ ਪੰਜਾਬ ਦੀ ਰਾਜਨੀਤਿਕ ਦਸ਼ਾ ਉੱਪਰ ਦਰਸਾਈ ਹਾਲਤ ਤੋਂ ਵੱਧ ਭੈੜੀ ਤਾਂ ਨਹੀਂ ਖਿਆਲ ਕੀਤੀ ਜਾ ਸਕਦੀ।

## ਸਿੱਖ ਮਿਸਲਾਂ (The Sikh Misals)

ਪੰਜਾਬ ਦੇ ਜਿਆਦਾਤਰ ਭਾਗਾਂ ਵਿੱਚ ਸਿੱਖਾਂ ਦੀਆਂ 12 ਸੁਤੰਤਰ ਮਿਸਲਾਂ ਕਾਇਮ ਸਨ। ਜਿਉਂ ਹੀ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਡਰ ਖਤਮ ਹੋਇਆ, ਉਨ੍ਹਾਂ ਵਿੱਚ ਫੁੱਟ ਪੈ ਗਈ। ਉਹ ਆਪਸ ਵਿੱਚ ਲੜਾਈ ਝਗੜੇ ਕਰਦੇ ਰਹਿੰਦੇ ਸਨ। ਜਿਸ ਕਰਕੇ ਉਹਨਾਂ ਦੇ ਇਲਾਕੇ ਵੱਧਦੇ-ਘੱਟਦੇ ਰਹਿੰਦੇ ਸਨ। ਰਣਜੀਤ ਸਿੰਘ ਦੇ ਉਭਰੇ ਤਕ 18 ਵੀ ਸਦੀ ਦੇ ਆਖਰੀਲੇ ਦਹਿਆਂ ਤੱਕ ਕੋਈ ਵੀ ਮਿਸਲ ਤਾਕਤਵਰ ਨਹੀਂ ਰਹੀ ਸੀ, ਵੱਖ ਵੱਖ ਮਿਸਲਾਂ ਦੇ ਯੋਗ ਤੇ ਬਹਾਦਰ ਸਰਦਾਰਾਂ ਦੀ ਜਾਂ ਤਾਂ ਉਸ ਸਮੇਂ ਤੱਕ ਮੌਤ ਹੋ ਚੁੱਕੀ ਸੀ ਜਾਂ ਉਹ ਇੰਨੇ ਬੁੱਢੇ ਹੋ ਚੁੱਕੇ ਸਨ ਕਿ ਉਨ੍ਹਾਂ ਵਿੱਚ ਰਣਜੀਤ ਸਿੰਘ ਦੀ ਸ਼ਕਤੀ ਦਾ ਟਾਕਰਾ ਕਰਨ ਦੀ ਹਿੰਮਤ ਨਹੀਂ ਰਹੀ ਸੀ।

Scanned with CamScanner

1. ਭੰਗੀ ਮਿਸਲ (Bhangi Misal) ਇਸ ਮਿਸਲ ਵਿੱਚ ਲਾਹੌਰ, ਅੰਮ੍ਰਿਤਸਰ, ਗੁਜਰਾਤ ਤੇ ਸਿਆਲਕੋਟ ਜਿਹੇ ਮਹੱਤਵਪੂਰਨ ਸ਼ਹਿਰ ਸਨ। ਰਣਜੀਤ ਸਿੰਘ ਦੇ ਗੱਦੀ ਉੱਤੇ ਬੈਠਣ ਸਮੇਂ ਭੰਗੀ ਮਿਸਲ ਜਿਆਦਾ ਤਾਕਤਵਰ ਨਹੀਂ ਸੀ। ਇਸਦਾ ਕਾਰਨ ਇਹ ਸੀ ਕਿ ਗੁਲਾਬ ਸਿੰਘ, ਤੇ ਸਾਹਿਬ ਸਿੰਘ ਆਦਿ ਭੰਗੀ ਸਰਦਾਰ ਅਯੋਗ ਤੇ ਵਿਲਾਸੀ ਸਨ, ਜਿਨ੍ਹਾਂ ਨੂੰ ਭੰਗ ਤੇ ਸ਼ਰਾਬ ਪੀਣ ਦੀ ਭੈੜੀ ਆਦਤ ਸੀ।

2. ਆਹਲੂਵਾਲੀਆ ਮਿਸਲ (Ahluwalia Misal) ਰਣਜੀਤ ਸਿੰਘ ਦੇ ਚੰਗੇ ਭਾਗ ਕਿ ਆਹਲੂਵਾਲੀਆ ਮਿਸਲ ਦੇ ਬਾਨੀ ਸਰਦਾਰ ਜੱਸਾ ਸਿੰਘ ਦੀ 1783 ਈ. ਵਿੱਚ ਮੌਤ ਹੋ ਚੁੱਕੀ ਸੀ। ਜੱਸਾ ਸਿੰਘ ਦਾ ਕਪੂਰਥਲਾ, ਹੁਸ਼ਿਆਰਪੁਰ, ਨੂਰਮਹਿਲ ਆਦਿ ਪ੍ਰਦੇਸ਼ਾਂ ਤੇ ਅਧਿਕਾਰ ਸੀ। ਜੱਸਾ ਸਿੰਘ ਆਹਲੂਵਾਲੀਆ ਦੇ ਜਿਉਂਦੇ ਜੀਅ ਕਿਸੇ ਦੀ ਹਿੰਮਤ ਨਹੀਂ ਸੀ ਕਿ ਕੋਈ ਉਸਦੇ ਇਲਾਕਿਆਂ ਵੱਲ ਝਾਕ ਸਕੇ। ਆਹਲੂਵਾਲੀਆ ਮਿਸਲ ਨੇ ਆਪਣਾ ਮੁੱਖ ਕੇਂਦਰ ਕਪੂਰਥਲਾ ਬਣਾਇਆ। ਜੱਸਾ ਸਿੰਘ ਦੇ ਉੱਤਰਾਧਿਕਾਰੀ ਭਾਗ ਸਿੰਘ ਪਿੱਛੋਂ ਫਤਿਹ ਸਿੰਘ ਆਹਲੂਵਾਲੀਆ ਮਿਸਲ ਦਾ ਸਰਦਾਰ ਬਣਿਆ। ਰਣਜੀਤ ਸਿੰਘ ਨੇ ਉਸ ਨਾਲ ਦੋਸਤੀ ਕਰ ਲਈ ਤੇ ਉਸਦੀ ਤਾਕਤ ਨੂੰ ਆਪਣੇ ਰਾਜ ਦੇ ਵਿਸਥਾਰ ਲਈ ਵਰਤਿਆ।

3, ਰਾਮਗੜ੍ਹੀਆ ਮਿਸਲ (Ramgarhia Misal) - ਇਸ ਮਿਸਲ ਦਾ ਸਭ ਤੋਂ ਤਾਕਤਵਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੀ, ਪਰੰਤੂ ਰਣਜੀਤ ਸਿੰਘ ਦੇ ਸਮੇਂ ਤੱਕ ਉਹ ਬਹੁਤ ਬੁੱਢਾ ਹੋ ਚੁੱਕਿਆ ਸੀ 1803 ਈ: ਵਿੱਚ ਜੱਸਾ ਸਿੰਘ ਦੀ ਮੌਤ ਉਪਰੰਤ ਜੋਧ ਸਿੰਘ ਇਸ ਦਾ

sbp Where Life Changes
Scanned with CamScanner

ਉੱਤਰਾਧਿਕਾਰੀ ਬਣਿਆ। ਰਣਜੀਤ ਸਿੰਘ ਨੇ ਜੋਧ ਸਿੰਘ ਨਾਲ ਦੋਸਤੀ ਕਰ ਲਈ।

4. **ਸ਼ੁਕਰਚੱਕੀਆ ਮਿਸਲ** (Sukerchakia Misal) :- ਸ਼ੁਕਰਚੱਕੀਆ ਮਿਸਲ ਦੀ ਨੀਂਹ ਚੜ੍ਹਤ ਸਿੰਘ ਨੇ ਰੱਖੀ। ਗੁਜਰਾਂਵਾਲਾ ਦੀ ਜਾਇਦਾਦ ਨੂੰ ਇਕੱਠਿਆਂ ਕਰਨ ਪਿੱਛੋਂ ਚੜ੍ਹਤ ਸਿੰਘ ਨੇ ਐਮਨਾਬਾਦ ਤੇ ਹਮਲਾ ਕੀਤਾ ਅਤੇ ਇਸਦੇ ਮੁਗਲ ਫੌਜਦਾਰਾਂ ਨੂੰ ਇੱਥੋਂ ਕੱਢ ਦਿੱਤਾ। ਕੁਝ ਦੇਰ ਪਿੱਛੋਂ ਉਸਨੇ ਸਿਆਲਕੋਟ ਤੇ ਕਬਜ਼ਾ ਕਰ ਲਿਆ। 1774 ਈ. ਵਿੱਚ ਚੜ੍ਹਤ ਸਿੰਘ ਦੀ ਮੌਤ ਪਿੱਛੋਂ ਉਸਦਾ ਹੋਣਹਾਰ ਪੁੱਤਰ ਮਹਾਂ ਸਿੰਘ ਉਸਦਾ ਉੱਤਰਾਧਿਕਾਰੀ ਬਣਿਆ। ਮਹਾਂ ਸਿੰਘ ਨੇ ਰਸੂਲ ਨਗਰ ਅਤੇ ਅਲੀਪੁਰ ਦੇ ਇਲਾਕਿਆਂ ਨੂੰ ਜਿੱਤ ਕੇ ਆਪਣੇ ਰਾਜ ਦਾ ਵਿਸਥਾਰ ਕੀਤਾ। 1792 ਈ. ਵਿੱਚ ਮਹਾਂ ਸਿੰਘ ਦੀ ਮੌਤ ਪਿੱਛੋਂ ਉਸਦਾ ਪੁੱਤਰ ਰਣਜੀਤ ਸਿੰਘ ਉਸਦਾ ਉੱਤਰਾਧਿਕਾਰੀ ਬਣਿਆ। ਕਿਉਂਕਿ ਉਸ ਸਮੇਂ ਰਣਜੀਤ ਸਿੰਘ ਦੀ ਉਮਰ ਕੇਵਲ 12 ਸਾਲ ਦੀ ਸੀ ਇਸ ਲਈ ਸ਼ਾਸਨ ਦੀ ਵਾਗ ਡੋਰ ਰਣਜੀਤ ਸਿੰਘ ਦੀ ਮਾਤਾ ਰਾਜ ਕੌਰ, ਸੱਸ ਸਦਾ ਕੌਰ ਅਤੇ ਦੀਵਾਨ ਲਖਪਤ ਰਾਏ ਨੇ ਸੰਭਾਲੀ। ਰਣਜੀਤ ਸਿੰਘ ਨੇ 1797 ਈ. ਵਿੱਚ ਸੁਤੰਤਰ ਸ਼ਾਸਨ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲਈ। ਉਹ ਇੱਕ ਯੋਗ, ਬਹਾਦਰ, ਅਤੇ ਦੂਰਦਰਸ਼ੀ ਸ਼ਾਸਕ ਸਿੱਧ ਹੋਇਆ।

5 **ਕਨ੍ਹੱਈਆ ਮਿਸਲ** (Kanheya Misal) - ਇਸ ਮਿਸਲ ਦਾ ਮੋਢੀ ਜੈ ਸਿੰਘ ਸੀ, ਜਿਸ ਕੋਲ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਮੁੱਖ ਭਾਗ ਕਬਜ਼ੇ ਵਿੱਚ ਸਨ। ਰਣਜੀਤ ਸਿੰਘ ਦੇ ਸਮੇਂ ਤੱਕ ਜੈ ਸਿੰਘ ਅਤੇ ਉਸਦੇ ਪੁੱਤਰ ਗੁਰਬਖਸ਼ ਸਿੰਘ ਦੀ ਮੌਤ ਹੋ ਚੁੱਕੀ ਸੀ ਅਤੇ ਗੁਰਬਖਸ਼

sbp
Where life changes
Scanned with CamScanner

ਸਿੰਘ ਦੀ ਵਿਧਵਾ ਸਦਾ ਕੌਰ ~~ਇ~~ ਮਿਸਲ ਦੀ ਨੇਤਾ ਬਣ ਗਈ ਸੀ। ਇਸ ਕਰਕੇ ਸੁਕਰਚੱਕੀਆ ਮਿਸਲ ਤੇ ਕਨ੍ਹੱਈਆ ਮਿਸਲ ਦੇ ਦੋਸਤੀ ਸਬੰਧਾਂ ਨੂੰ ਕਾਇਮ ਰੱਖਣ ਲਈ ਰਣਜੀਤ ਸਿੰਘ ਨੇ ਸਦਾ ਕੌਰ ਦੀ ਪੁੱਤਰੀ ਮਹਿਤਾਬ ਕੌਰ ਨਾਲ 1796 ਈ: ਵਿੱਚ ਵਿਆਹ ਕਰ ਲਿਆ। ਸਦਾ ਕੌਰ ਨੇ ਰਣਜੀਤ ਸਿੰਘ ਦੀਆਂ ਜਿੱਤਾਂ ਵਿੱਚ ਕਾਫੀ ਮੱਦਦ ਕੀਤੀ। ਸਦਾ ਕੌਰ ਬਹੁਤ ਹੀ ਨਿੱਡਰ ਤੇ ਅਭਿਲਾਖੀ ਇਸਤਰੀ ਸੀ। ਉਸਨੇ ਸੋਚਿਆ ਕਿ ਰਣਜੀਤ ਸਿੰਘ ਦੀ ਮੱਦਦ ਨਾਲ ਸਾਰਾ ਪੰਜਾਬ ਉਸਦੇ ਅਧੀਨ ਹੋਵੇਗੀ, ਪਰੰਤੂ ਰਣਜੀਤ ਸਿੰਘ ਉਸ ਨਾਲੋਂ ਵੀ ਜਿਆਦਾ ਤੇਜ਼-ਤਰਾਰ ਨਿੱਕਲਿਆ।

6 ਫੈਜ਼ਲਪੁਰੀਆ ਮਿਸਲ (Faizalpuria Missal) - ਇਸ ਮਿਸਲ ਦਾ ਬਾਨੀ ਨਵਾਬ ਕਪੂਰ ਸਿੰਘ ਸੀ। ਜਲੰਧਰ, ਨੂਰਪੁਰ, ਬਹਿਰਾਮਪੁਰ ਪੱਟੀ, ਘੁਸੈਂਧ ਇਲਾਕੇ ਅਤੇ ਸਤਲੁਜ ਦਰਿਆ ਦੇ ਦੋਵੇਂ ਪਾਸੇ ਦੇ ਇਲਾਕੇ ਇਨ੍ਹਾਂ ਕੋਲ ਸਨ। ਨਵਾਬ ਕਪੂਰ ਸਿੰਘ ਤੋਂ ਪਿੱਛੋਂ ਉਨ੍ਹਾਂ ਦਾ ਭਤੀਜਾ ਖੁਸ਼ਹਾਲ ਸਿੰਘ ਫੈਜ਼ਲਪੁਰੀਆ ਮਿਸਲ ਦਾ ਆਗੂ ਬਣਿਆ। 1795 ਈ: ਵਿੱਚ ਇਨ੍ਹਾਂ ਦੇ ਚਲਾਣੇ ਪਿੱਛੋਂ ਉਸਦਾ ਪੁੱਤਰ ਬੁੱਧ ਸਿੰਘ ਉਸਦਾ ਉੱਤਰਾਧਿਕਾਰੀ ਬਣਿਆ। ਬੁੱਧ ਸਿੰਘ ਇੱਕ ਕਮਜ਼ੋਰ ਸ਼ਾਸਕ ਸਿੱਧ ਹੋਇਆ। ਰਣਜੀਤ ਸਿੰਘ ਨੇ ਆਪਣੀ ਤਾਕਤ ਨਾਲ ਇਸਨੂੰ ਖੋਹ ਲਿਆ।

7 ਫੂਲਕੀਆਂ ਮਿਸਲ (Phulkian Missal) - ~~ਸ~~ ਸਤਲੁਜ ਦੇ ਦੱਖਣ-ਪੂਰਬ ਵਿੱਚ ਫੂਲਕੀਆਂ ਮਿਸਲ ਦੇ ਪਟਿਆਲਾ, ਜੀਂਦ ਤੇ ਨਾਭਾ ਵਿੱਚ ਤਿੰਨ ਮਹੱਤਵਪੂਰਨ ~~ਰ~~ ਰਾਜ ਕਾਇਮ ਹੋ ਗਏ ਸਨ। ਰਣਜੀਤ ਸਿੰਘ ਦੇ ਸਮੇਂ ਪਟਿਆਲਾ ਦਾ ਫੂਲਕੀਆਂ ਸਰਦਾਰ ਸਾਹਿਬ ਸਿੰਘ, ਨਾਭਾ ਦਾ ਜਸਵੰਤ ਸਿੰਘ ਤੇ ਜੀਂਦ ਦਾ

ਤਾਰਾ ਸਿੰਘ ਸੀ। ਇਹ ਤਿੰਨੇ ਸਰਦਾਰ ਯੋਗ ਅਤੇ ਸ਼ਕਤੀਸ਼ਾਲੀ ਨਹੀਂ ਸਨ। ਉਨ੍ਹਾਂ ਦੇ ਆਪਸੀ ਝਗੜਿਆਂ ਨੇ ਵੀ ਉਨ੍ਹਾਂ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਸੀ।

8 ਡੱਲੇਵਾਲੀਆ ਮਿਸਲ (Dallewalia Misal) ਡੱਲੇਵਾਲੀਆ ਮਿਸਲ ਦਾ ਮੋਢੀ ਗੁਲਾਬ ਸਿੰਘ ਸੀ। ਇਸ ਮਿਸਲ ਵਿੱਚ ਫਿਲੌਰ, ਰਾਹੋਂ ਅਤੇ ਨਕੋਦਰ ਦੇ ਇਲਾਕੇ ਸ਼ਾਮਲ ਸਨ। ਤਾਰਾ ਸਿੰਘ ਘੇਬਾ ਇਸ ਮਿਸਲ ਦਾ ਸਭ ਤੋਂ ਪ੍ਰਸਿੱਧ ਸਰਦਾਰ ਸੀ। ਉਸਨੇ ਆਪਣੀ ਸੈਨਿਕ ਸ਼ਕਤੀ ਨੂੰ ਕਾਫੀ ਮਜ਼ਬੂਤ ਕਰ ਲਿਆ ਸੀ। ਉਸਨੇ ਆਪਣੇ ਇਲਾਕਿਆਂ ਵਿੱਚ ਵੀ ਕਾਫੀ ਵਾਧਾ ਕੀਤਾ। ਉਹ ਰਣਜੀਤ ਸਿੰਘ ਦੀ ਸ਼ਕਤੀ ਨੂੰ ਵੰਗਾਰ ਸਕਦਾ ਸੀ ਪਰ ਰਣਜੀਤ ਸਿੰਘ ਨੇ ਉਸ ਨਾਲ ਦੋਸਤੀ ਕਰ ਲਈ।

9 ਕਰੋੜ ਸਿੰਘੀਆ ਮਿਸਲ (Karar Singhia Misal) ਦਾ ਬਾਨੀ ਕਰੋੜਾ ਸਿੰਘ ਸੀ। ਬਘੇਲ ਸਿੰਘ ਇਸ ਮਿਸਲ ਦਾ ਬਹੁਤ ਸ਼ਕਤੀਸ਼ਾਲੀ ਸ਼ਾਸਕ ਸੀ। ਉਸਨੇ ਆਪਣਾ ਸਦਰ ਮੁਕਾਮ, ਕਰਨਾਲ ਤੋਂ 30 ਮੀਲ ਦੂਰ ਛਲੌਦੀ ਵਿਖੇ ਬਣਾਇਆ ਸੀ। ਬਘੇਲ ਸਿੰਘ ਦੇ ਵਾਰਿਸ 'ਜੋਧ ਸਿੰਘ' ਨੇ ਮਿਸਲ ਦੇ ਅਧਿਕਾਰ ਖੇਤਰ ਵਿੱਚ ਵਾਧਾ ਕੀਤਾ, ਇਹ ਮਿਸਲ ਬਹੁਤ ਪ੍ਰਸਿੱਧ ਨਹੀਂ ਸੀ। ਇਸ ਮਿਸਲ ਦੇ ਅਧਿਕਾਰ ਖੇਤਰ ਵਿੱਚ ਨਵਾਂ ਸ਼ਹਿਰ ਅਤੇ ਸਾਹਕੋਟ ਤੇ ਜਮਨਾ ਦਰਿਆ ਦੇ ਖੇਤਰ ਸ਼ਾਮਲ ਸਨ।

10 ਨਿਸ਼ਾਨ ਵਾਲੀਆ ਮਿਸਲ (Nishanwalia Misal) ਇਸ ਮਿਸਲ ਦੇ ਬਾਨੀ ਸੰਗਤ ਸਿੰਘ ਤੇ ਮੋਹਰ ਸਿੰਘ ਸਨ। ਇਹ ਦਲ ਖਾਲਸੇ ਦਾ ਝੰਡਾ ਰੱਖਦੇ ਸਨ, ਇਸ ਲਈ ਉਹ ਨਿਸ਼ਾਨਵਾਲੀਏ ਅਖਵਾਏ। ਇਸ ਮਿਸਲ ਵਿੱਚ ਅੰਬਾਲਾ ਅਤੇ ਸ਼ਾਹਬਾਦ ਆਦਿ ਇਲਾਕੇ ਸ਼ਾਮਲ ਸਨ। ਰਣਜੀਤ ਸਿੰਘ ਦੇ ਉਭਾਰ ਸਮੇਂ ਇਸ ਮਿਸਲ ਦਾ ਕੋਈ ਖਾਸ ਮਹੱਤਵ ਨਹੀਂ ਰਿਹਾ ਸੀ।

Scanned with CamScanner

11 ਨਕੱਈ ਮਿਸਲ (Nakkai Misal) – ਇਸ ਮਿਸਲ ਦੇ ਅਧੀਨ ਚੂਨੀਆਂ, ਸ਼ਰਕਪੁਰ, ਦੀਪਾਲਪੁਰ, ਕੋਟ ਕਮਾਲੀਆ ਆਦਿ ਪ੍ਰਦੇਸ਼ ਸਨ। ਇਸ ਮਿਸਲ ਨਾਲ ਰਣਜੀਤ ਸਿੰਘ ਦੇ ਵਿਆਹੁਤਾ ਸਬੰਧ ਸਨ। ਇਸ ਦੇ ਬਾਵਜੂਦ ਰਣਜੀਤ ਸਿੰਘ ਦੀ ਫੌਜ ਨੇ 1810 ਈ: ਵਿੱਚ ਨਕੱਈ ਮਿਸਲ ਉੱਤੇ ਹਮਲਾ ਕਰਕੇ ਇਸ ਦੇ ਨੇਤਾ ਕਾਹਨ ਸਿੰਘ ਨੂੰ ਹਰਾ ਕੇ ਉਸਦੇ ਪ੍ਰਦੇਸ਼ਾਂ ਨੂੰ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ।

12 ਸ਼ਹੀਦ ਮਿਸਲ (Saheed Misal) – ਇਸ ਦਾ ਸਤਲੁਜ ਦੇ ਪੂਰਬ ਵਿੱਚ ਸਥਿਤ ਕੁਝ ਇਲਾਕਿਆਂ ਉੱਤੇ ਕਬਜ਼ਾ ਸੀ। ਇਸ ਮਿਸਲ ਦਾ ਮਹਾਨ ਲੀਡਰ ਬਾਬਾ ਦੀਪ ਸਿੰਘ ਸੀ। ਪਿੱਛੋਂ ਕਰਮ ਸਿੰਘ ਨੇ ਇਸ ਮਿਸਲ ਦੀ ਅਗਵਾਈ ਕੀਤੀ। ਉਨ੍ਹਾਂ ਕੋਲ ਲੱਗਭੱਗ ਦੋ ਹਜ਼ਾਰ ਸਿਪਾਹੀਆਂ ਦੀ ਸੈਨਾ ਸੀ। ਇਹ ਵੱਖਰੇ ਕਾਰਵਾਈ ਕਰਨ ਦੀ ਬਜਾਏ ਦੂਜੇ ਸਰਦਾਰਾਂ ਦੀ ਮੱਦਦ ਕਰਦੇ ਸਨ। ਇਹ ਮਿਸਲ ਦੀ ਕੋਈ ਖਾਸ ਮਹੱਤਤਾ ਨਹੀਂ ਸੀ ਰੱਖਦੀ।

ਅਖੀਰ ਵਿੱਚ ਅਸੀਂ ਡਾਕਟਰ ਫੌਜਾ ਸਿੰਘ ਦੇ ਇਸ ਵਿਚਾਰ ਨਾਲ ਸਹਿਮਤ ਹਾਂ, "ਜੋ ਸਿੱਖ ਸਰਦਾਰ ਮੈਦਾਨ ਵਿੱਚ ਰਹਿ ਗਏ ਸਨ, ਉਹ ਨਾ ਸਿਰਫ ਆਪਣੇ ਮਹਾਨ ਪੁਰਖਿਆਂ ਦੀ ਸਿਰਫ ਛਾਂ ਮਾਤਰ ਸਨ ਸਗੋਂ ਰਣਜੀਤ ਸਿੰਘ ਦੇ ਮੁੱਢਲੇ ਦੌਰਿਆਂ ਵਿੱਚ ਉਸ ਦੀਆਂ ਤੀਬਰ ਅਤੇ ਅਦੁੱਤੀ ਸਫਲਤਾਵਾਂ ਤੋਂ ਹੈਰਾਨ ਹੋ ਗਏ ਸਨ।"

" The Sikh Chiefs who were still left in the field were not only mere Shadows of their distinguished Predecessor but were also dazzled by the unbroken chain of quick and brillant Successes of Ranjit Singh in the earlier years of his Career." Dr. Fauja Singh.

## ਜਾਰਜ ਥਾਮਸ (George Thomas)

ਜਾਰਜ ਥਾਮਸ ਇੱਕ ਦਲੇਰ ਅੰਗਰੇਜ਼ ਸੀ ਜੋ ਕਿਸਮਤ ਨੂੰ ਅਜ਼ਮਾਉਣ ਵਾਸਤੇ ਪੰਜਾਬ ਆ ਗਿਆ। ਹਾਂਸੀ ਜੋ ਪੰਜਾਬ ਦੇ ਦੱਖਣ ਵਿੱਚ ਸਥਿਤ ਹੈ, ਜਾਰਜ ਥਾਮਸ ਇੱਥੇ ਇੱਕ ਸੁਤੰਤਰ ਰਾਜ ਦੀ ਸਥਾਪਨਾ ਕਰ ਲਈ ਸੀ। ਉਸ ਨੇ ਹਾਂਸੀ ਵਿੱਚ ਆਪਣੇ ਨਾਂ ਤੇ 'ਜਾਰਜਗੜ੍ਹ' ਨਾਮੀ ਇੱਕ ਕਿਲ੍ਹੇ ਦੀ ਉਸਾਰੀ ਵੀ ਕਰਵਾਈ। ਜਾਰਜ ਥਾਮਸ ਦਾ ਰਾਜ ਜ਼ਿਆਦਾ ਸਮੇਂ ਤੱਕ ਨਹੀਂ ਰਹਿ ਸਕਿਆ।

## ਗੋਰਖੇ (The Gorkhas)

ਨੇਪਾਲ ਦੇ ਗੋਰਖੇ ਬੜੇ ਬਹਾਦਰ ਸਨ। 1794 ਈ. ਵਿੱਚ ਉਨ੍ਹਾਂ ਨੇ ਗੜ੍ਹਵਾਲ ਤੇ ਕੁਮਾਊਂ ਤੇ ਕਬਜ਼ਾ ਕਰ ਲਿਆ ਸੀ। ਉਨ੍ਹਾਂ ਨੇ ਸ਼ਿਮਲਾ ਦੀ ਪਹਾੜੀ ਰਿਆਸਤਾਂ ਨੂੰ ਫਤਿਹ ਕਰਨ ਦੀਆਂ ਸਕੀਮਾਂ ਬਣਾਈਆਂ। ਭੀਮ ਸੈਨ ਥਾਪਾ ਗੋਰਖਿਆਂ ਦਾ ਬੜਾ ਬਹਾਦਰ ਤੇ ਪ੍ਰਸਿੱਧ ਨੇਤਾ ਸੀ। ਉਹ ਆਪਣੇ ਜੋਰਾ ਪੌਤਰ 'ਅਮਰ ਸਿੰਘ ਥਾਪਾ" ਦੀ ਅਗਵਾਈ ਹੇਠ ਪੰਜਾਬ ਉੱਤੇ ਹਮਲਾ ਕਰਨ ਦਾ ਇਰਾਦਾ ਰੱਖਦਾ ਸੀ। ਇਸ ਲਈ ਰਣਜੀਤ ਸਿੰਘ ਅਤੇ ਗੋਰਖਿਆਂ ਵਿਚਾਲੇ ਟੱਕਰ ਨੂੰ ਟਾਲਿਆ ਨਹੀਂ ਜਾ ਸਕਦਾ ਸੀ।

## ਮੁਸਲਮਾਨਾਂ ਦੇ ਰਾਜ (Muslim States)

ਪੰਜਾਬ ਦੇ ਪੱਛਮੀ ਹਿੱਸਿਆਂ ਵਿੱਚ ਮੁਸਲਮਾਨਾਂ ਦੇ ਛੋਟੇ 2 ਰਾਜ ਕਾਇਮ ਹੋ ਚੁੱਕੇ ਸਨ। ਕਸੂਰ ਦਾ ਰਾਜ ਜੋ ਪਠਾਣਾਂ ਦੇ ਅਧੀਨ ਸੀ, ਇੱਥੇ ਕਸੂਰ ਦੇ ਪਠਾਣ ਹਾਕਮ 'ਨਿਜ਼ਾਮ-ਉਦੀਨ' ਦਾ ਸ਼ਾਸਨ ਸੀ। ਜਦੋਂ ਅਫਗਾਨਿਸਤਾਨ ਦੇ ਹਾਕਮ ਜ਼ਮਾਨ ਸ਼ਾਹ ਨੇ ਪੰਜਾਬ ਉੱਤੇ ਹਮਲੇ ਕੀਤੇ ਤਾਂ ਨਿਜ਼ਾਮ-ਉਦੀਨ ਨੇ ਸਿੱਖਾਂ ਵਿਰੁੱਧ ਉਸਦੀ ਸਹਾਇਤਾ ਕੀਤੀ। ਮੁਲਤਾਨ ਵਿੱਚ ਉਸ ਸਮੇਂ ਮੁਜ਼ੱਫਰ ਖਾਂ,

sbp Where Life Changes

Scanned with CamScanner

ਕਸ਼ਮੀਰ ਵਿੱਚ ਅੱਤਾ ਮੁਹੰਮਦ ਖਾਂ, ਅਟਕ ਵਿੱਚ ਜਹਾਂਦਾਦ ਖਾਂ ਅਤੇ ਪਿਸ਼ਾਵਰ ਵਿੱਚ ਫਤਿਹ ਖਾਂ ਦਾ ਸ਼ਾਸਨ ਸੀ। ਇਸ ਤੋਂ ਇਲਾਵਾ ਰਣਜੀਤ ਸਿੰਘ ਦੇ ਸਮੇਂ ਬਹਾਵਲਪੁਰ ਦੇ ਦੋ ਹਾਕਮ ਬਹਾਵਲ ਖਾਂ ਪਹਿਲਾ ਅਤੇ ਬਹਾਵਲ ਖਾਂ ਦੂਜਾ ਸਨ। ਸਿੰਧ, ਡੇਰਾ ਗਾਜ਼ੀ ਖਾਂ, ਡੇਰਾ ਇਸਮਾਇਲ ਖਾਂ, ਪਾਕਪਟਨ, ਖੁਸ਼ਾਬ ਝੰਗ, ਧੰਨੂ, ਕੋਹਾਟ, ਟੋਂਕ, ਚਿਨਿਓਟ, ਵਜ਼ੀਰਾਬਾਦ ਅਤੇ ਸਿਆਲਕੋਟ ਵਿੱਚ ਮੁਸਲਮਾਨ ਸ਼ਾਸਕਾਂ ਦਾ ਰਾਜ ਸੀ। ਇਨ੍ਹਾਂ ਵਿੱਚ ਆਪਸੀ ਏਕਤਾ ਨਹੀਂ ਸੀ। ਇਸ ਕਰਕੇ ਇਨ੍ਹਾਂ ਸ਼ਾਸਕਾਂ ਵਿੱਚ ਹੌਸਲਾ ਨਹੀਂ ਸੀ ਕਿ ਰਣਜੀਤ ਸਿੰਘ ਦੀ ਸ਼ਕਤੀ ਨੂੰ ਵੰਗਾਰ ਸਕਣ।

## ਪਹਾੜੀ ਰਿਆਸਤਾਂ (The Hill States)

ਪੰਜਾਬ ਦੇ ਉੱਤਰ ਵਿੱਚ ਬਹੁਤ ਸਾਰੀਆਂ ਸੁਤੰਤਰ ਪਹਾੜੀ ਰਿਆਸਤਾਂ ਸਨ ਜਿਨ੍ਹਾਂ ਵਿੱਚੋਂ ਕਾਂਗੜਾ ਸਭ ਤੋਂ ਪ੍ਰਸਿੱਧ ਸੀ। ਕਾਂਗੜੇ ਦਾ ਰਾਜਾ ਰਾਜਪੂਤ ਜਾਤੀ ਦਾ 'ਸੰਸਾਰ ਚੰਦ ਕਟੋਚ' ਸੀ। ਉਹ ਬੜੇ ਉੱਚੇ ਇਰਾਦਿਆਂ ਦਾ ਮਾਲਕ ਸੀ। ਉਹ ਸਾਰੇ ਪੰਜਾਬ ਨੂੰ ਆਪਣੇ ਅਧੀਨ ਕਰਨ ਦਾ ਚਾਹਵਾਨ ਸੀ। ਕਾਂਗੜਾ ਤੋਂ ਇਲਾਵਾ ਜੰਮੂ, ਮੰਡੀ ਸੁਕੇਤ, ਕੁੱਲੂ, ਬਸੌਲੀ, ਚੰਬਾ, ਨੂਰਪੁਰ ਆਦਿ ਹੋਰ ਛੋਟੀਆਂ ਛੋਟੀਆਂ ਰਿਆਸਤਾਂ ਵਿੱਚ ਵੀ ਰਾਜਪੂਤ ਰਾਜਿਆਂ ਦਾ ਰਾਜ ਸੀ। ਆਪਸ ਵਿੱਚ ਲੜ ਭਿੜ ਕੇ ਕਮਜ਼ੋਰ ਹੋਣ ਕਰਕੇ ਉਹ ਰਣਜੀਤ ਸਿੰਘ ਦੇ ਰਸਤੇ ਵਿੱਚ ਕੋਈ ਰੁਕਾਵਟ ਪੈਦਾ ਨਹੀਂ ਕਰ ਸਕਦੇ ਸਨ।

## ਮਰਾਠੇ (The Marathas)

1761 ਈ: ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਪਾਣੀਪਤ ਦੀ ਤੀਜੀ ਲੜਾਈ ਵਿੱਚ ਮਰਾਠਿਆਂ ਨੂੰ ਭਾਂਜ ਦੇ ਕੇ ਪੰਜਾਬ ਵਿੱਚੋਂ ਕੱਢ ਦਿੱਤਾ। ਪਰ 1797 ਈ: ਤੱਕ ਮਰਾਠਿਆਂ ਨੇ ਆਪਣੇ ਜੋਗ ਨੇਤਾ ਦੌਲਤ ਰਾਓ ਸਿੰਧੀਆ

ਦੇ ਅਧੀਨ ਮੇਰਠ ਅਤੇ ਦਿੱਲੀ ਤੇ ਆਪਣਾ ਕਬਜ਼ਾ ਕਰ ਲਿਆ ਸੀ। ਮਰਾਠੇ ਰਣਜੀਤ ਸਿੰਘ ਲਈ ਭਾਰੀ ਮੁਸੀਬਤ ਪੈਦਾ ਕਰ ਸਕਦੇ ਸਨ ਪਰ ਰਣਜੀਤ ਸਿੰਘ ਦੇ ਚੰਗੇ ਭਾਗ ਕਿ ਠੀਕ ਉਸ ਵੇਲੇ ਮਰਾਠਿਆਂ ਨੂੰ ਅੰਗਰੇਜ਼ਾਂ ਨਾਲ ਉਲਝਣਾ ਪੈ ਗਿਆ। ਇਸ ਲਈ ਮਰਾਠੇ ਪੰਜਾਬ ਵੱਲ ਆਪਣਾ ਧਿਆਨ ਨਾ ਦੇ ਸਕੇ।

## ਅੰਗਰੇਜ਼ (The British)

ਵਾਰਨ ਹੇਸਟਿੰਗਜ਼ ਪਿੱਛੋਂ ਲਾਰਡ ਕਾਰਨਵਾਲਿਸ ਤੇ ਜਾਨ-ਸ਼ੋਰ ਗਵਰਨਰ ਜਨਰਲ ਰਹੇ। 1798 ਈ। ਵਿੱਚ ਵੈਲਜ਼ਲੀ ਗਵਰਨਰ-ਜਨਰਲ ਬਣਿਆ ਜੋ ਬ੍ਰਿਟਿਸ਼ ਰਾਜ ਦਾ ਵਿਸਤਾਰ ਕਰਨ ਵਿੱਚ ਵਿਸ਼ਵਾਸ਼ ਰੱਖਦਾ ਸੀ। ਉਹ ਆਪਣੇ ਸੱਤ ਸਾਲਾਂ ਦੇ ਸ਼ਾਸਨ-ਕਾਲ ਵਿਚ ਹੈਦਰਾਬਾਦ, ਮੈਸੂਰ, ਕਰਨਾਟਕ, ਤੰਜੋਰ, ਅੱਵਧ ਆਦਿ ਦੇਸੀ ਰਾਜਾਂ ਨੂੰ ਅਧੀਨ ਕਰਨ ਵਿੱਚ ਅਤੇ ਉਸ ਪਿੱਛੋਂ ਮਰਾਠਿਆਂ ਵਿਰੁੱਧ ਕਾਰਵਾਈਆਂ ਕਰਨ ਵਿੱਚ ਰੁੱਝਾ ਰਿਹਾ। ਇਸ ਤਰ੍ਹਾਂ ਸਿੱਖਾਂ ਨੂੰ ਅੰਗਰੇਜ਼ਾਂ ਤੋਂ ਨੇੜੇ ਭਵਿੱਖ ਵਿਚ ਕੋਈ ਖ਼ਤਰਾ ਨਹੀਂ ਸੀ ਪ੍ਰੰਤੂ ਸਿੱਖ 1809 ਈ। ਵਿੱਚ ਸਤਲੁਜ ਉਰਾਰ ਰਿਆਸਤ ਦੇ ਮਾਮਲਿਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਅਧਿਕਾਰ ਛੱਡਣ ਲਈ ਕਹਿਣਾ, ਉਨ੍ਹਾਂ ਦੀ ਸੀਮਾ ਵਧਾਉਣ ਦੀ ਭਾਵਨਾ ਦਾ ਇੱਕ ਸਬੂਤ ਸੀ।

## ਜ਼ਮਾਨ ਸ਼ਾਹ (Zaman Shah)

ਅਫ਼ਗਾਨਿਸਤਾਨ ਦਾ ਸ਼ਾਸਕ ਸ਼ਾਹ ਜ਼ਮਾਨ ਰਣਜੀਤ ਸਿੰਘ ਦੀ ਸ਼ਕਤੀ ਲਈ ਇੱਕ ਵੱਡੀ ਵੰਗਾਰ ਪੇਸ਼ ਕਰ ਸਕਦਾ ਸੀ। 1793 ਈ। ਵਿੱਚ ਆਪਣੇ ਪਿਤਾ ਤੈਮੂਰ ਸ਼ਾਹ ਦੀ ਮੌਤ ਤੋਂ ਬਾਅਦ ਅਫ਼ਗਾਨਿਸਤਾਨ ਦਾ ਨਵਾਂ ਸ਼ਾਸਕ ਬਣਿਆ ਸੀ। ਸ਼ਾਹ ਜ਼ਮਾਨ ਪੰਜਾਬ ਨੂੰ ਮੁੜ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ਇਸ ਲਈ ਉਸਨੇ 1793 ਈ। ਅਤੇ ਫਿਰ 1795 ਈ। ਵਿਚ ਪੰਜਾਬ ਉੱਤੇ

Scanned with CamScanner

Date: S M T W T F S

ਹਮਲੇ ਕੀਤੇ ਪਰ ਕਿਸੇ ਕਾਰਨ ਵਾਪਸ ਕਾਬਲ ਜਾਣਾ ਪੈ ਗਿਆ। ਆਪਣੇ ਤੀਜੇ ਹਮਲੇ ਦੇ ਦੌਰਾਨ 1797 ਈ: ਨੂੰ ਲਾਹੌਰ ਉੱਤੇ ਆਸਾਨੀ ਨਾਲ ਕਬਜ਼ਾ ਕਰ ਲਿਆ ਸੀ। ਆਪਣੇ ਚੌਥੇ ਹਮਲੇ ਦੇ ਦੌਰਾਨ ਸ਼ਾਹ ਜ਼ਮਾਨ ਨੇ ਇੱਕ ਵਾਰੀ 27 ਨਵੰਬਰ, 1798 ਈ। ਨੂੰ ਲਾਹੌਰ ਤੇ ਕਬਜ਼ਾ ਕਰ ਲਿਆ ਸੀ ਬਿਨਾ ਕਿਸੇ ਵਿਰੋਧ ਦੇ। ਫਿਰ ਸ਼ਾਹ ਜ਼ਮਾਨ ਨੇ ਸਿੱਖਾਂ ਨੂੰ ਸਜ਼ਾ ਦੇਣ ਦਾ ਫੈਸਲਾ ਕੀਤਾ। ਇਸੇ ਉਦੇਸ਼ ਨਾਲ ਉਸਨੇ ਅੰਮ੍ਰਿਤਸਰ ਵੱਲ ਆਪਣੀ ਸੈਨਾ ਭੇਜੀ। ਸ਼ੁਕਰਚੱਕੀਆ ਸਰਦਾਰ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੇੜੇ ਅਫਗਾਨ ਸੈਨਾ ਨੂੰ ਭਾਂਜ ਦਿੱਤੀ। ਇਸ ਪਿੱਛੋਂ ਉਸਨੇ ਲਾਹੌਰ ਵੱਲ ਕੂਚ ਕੀਤਾ। ਕਿਹਾ ਜਾਂਦਾ ਹੈ ਕਿ ਉਸਨੇ ਸੁਮਨ ਬੁਰਜ ਉੱਤੇ ਚੜ੍ਹਾਈ ਕਰ ਦਿੱਤਾ। ਕਈ ਅਫਗਾਨਾਂ ਨੂੰ ਮਾਰ ਸੁੱਟਿਆ ਅਤੇ ਫਿਰ ਸ਼ਾਹ ਜ਼ਮਾਨ ਨੂੰ ਇਨ੍ਹਾਂ ਸ਼ਬਦਾਂ ਵਿੱਚ ਲਲਕਾਰਿਆ, "ਓਏ ਅਬਦਾਲੀ ਦਿਆ ਪੋਤਰਿਆ, ਬਾਹਰ ਨਿੱਕਲ ਤੇ ਚੜ੍ਹਤ ਸਿੰਘ ਦੇ ਪੋਤਰੇ ਨਾਲ ਤਲਵਾਰ ਲੜਾਆ।" ਪਰ ਸ਼ਾਹ ਜ਼ਮਾਨ ਨੇ ਰਣਜੀਤ ਸਿੰਘ ਨਾਲ ਉਲਝਣ ਦਾ ਹੌਸਲਾ ਨਾ ਕੀਤਾ। ਇਸ ਤਰ੍ਹਾਂ ਰਣਜੀਤ ਸਿੰਘ ਦੀ ਤਾਕਤ ਲਈ ਪੈਦਾ ਹੋਣ ਵਾਲਾ ਇੱਕ ਵੱਡਾ ਖ਼ਤਰਾ ਵੀ ਟਲ ਗਿਆ।

ਇਸ ਤੋਂ ਸ਼ਪੱਸ਼ਟ ਹੁੰਦਾ ਹੈ ਕਿ 18 ਵੀਂ ਸਦੀ ਦੇ ਅੰਤ ਵਿੱਚ ਪੰਜਾਬ ਦੀ ਰਾਜਨੀਤਕ ਹਾਲਤ ਰਣਜੀਤ ਸਿੰਘ ਲਈ ਪੂਰੀ ਤਰ੍ਹਾਂ ਅਨੁਕੂਲ ਸੀ। ਉਸਨੇ ਇਸ ਸਥਿਤੀ ਦਾ ਪੂਰਾ ਫਾਇਦਾ ਉਠਾਇਆ ਅਤੇ ਪੰਜਾਬ ਵਿੱਚ ਇੱਕ ਸ਼ਕਤੀਸ਼ਾਲੀ ਅਤੇ ਸੰਗਠਿਤ ਸਿੱਖ ਸਾਮਰਾਜ ਦੀ ਸਥਾਪਨਾ ਕਰਨ ਵਿੱਚ ਸਫਲ ਹੋਇਆ। ਪ੍ਰਸਿੱਧ ਇਤਿਹਾਸਕਾਰ ਡਾਕਟਰ ਜੀ. ਐੱਲ. ਚੋਪੜਾ ਦਾ ਕਹਿਣਾ ਹੈ, "ਇਸ ਤਰ੍ਹਾਂ 19ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਰਾਜਨੀਤਿਕ

Scanned with CamScanner

Date: S M T W T F S

ਹਾਲਤ ਇੱਕ ਦ੍ਰਿੜ ਨਿਸ਼ਚੇ ਵਾਲੇ ਅਤੇ ਸਿਰਕੱਢ ਵਿਅਕਤੀ ਦੇ ਉਭਾਰ ਲਈ ਪੂਰੀ ਤਰ੍ਹਾਂ ਅਨੁਕੂਲ ਸੀ ਜੋ ਪਰਸਪਰ ਵਿਰੋਧੀ ਤੱਤਾਂ ਨੂੰ ਜੋੜ ਕੇ ਇੱਕ ਸੰਗਠਿਤ ਰਾਜ ਸਥਾਪਿਤ ਕਰ ਸਕੇ ਅਤੇ ਜਿਵੇਂ ਕਿ ਅਸੀਂ ਦੇਖਾਂਗੇ ਰਣਜੀਤ ਸਿੰਘ ਨੇ ਇਸ ਮੌਕੇ ਦਾ ਪੂਰਾ-ਪੂਰਾ ਲਾਭ ਉਠਾਇਆ।

"Thus the political situation on the eve of the 19th century was eminently suited for the rise of a resolute and outstanding personality who might weld these discordant elements steadily into an organised kingdom, and as we shall see, Ranjit Singh availed himself of this opportunity." Dr G.L. Chopra.

ਰਣਜੀਤ ਸਿੰਘ ਸ਼ਕਤੀ ਦਾ ਸਵਾਮੀ ਬਣ ਗਿਆ, ਅਤੇ ਅਫਗਾਨਾਂ ਦਾ ਪੰਜਾਬ ਨੂੰ ਡਰ ਪੱਕੇ ਤੌਰ ਤੇ ਖਤਮ ਹੋ ਗਿਆ। ਇਸ ਤਰ੍ਹਾਂ ਪੰਜਾਬ ਦੀ ਛੋਟੇ ਛੋਟੇ ਰਾਜਾਂ ਅਤੇ ਮਿਸਲਾਂ ਵਿੱਚ ਵੰਡ ਰਣਜੀਤ ਸਿੰਘ ਨੂੰ ਲਾਭਦਾਇਕ ਸਿੱਧ ਹੋਈ।

o—o—o

Dr. Harminder Kaur
Deptt. History
Akal Degree College Mastuana Sahib. (Sangrur)

spp
Where Life Changes
Scanned with CamScanner